# ਕੁਈਨਜ਼ਲੈਂਡ ਲਈ ਸਾਡੀਆਂ ਯੋਜਨਾਵਾਂ

ਕੁਈਨਜ਼ਲੈਂਡ ਰਾਜ ਦੀਆਂ ਚੋਣਾਂ ਸ਼ਨੀਵਾਰ **26** ਅਕਤੂਬਰ **2024** ਨੂੰ ਹਨ**।**

ਆਮ ਕੁਈਨਜ਼ਲੈਂਡਰਾਂ ਲਈ ਵੱਧ,

ਵੱਡੀਆਂ ਕਾਰਪੋਰੇਸ਼ਨਾਂ ਲਈ ਘੱਟ।

ਦਿਨੋ ਦਿਨ ਇਹ ਮਹਿਸੂਸ ਹੁੰਦਾ ਹੈ ਕਿ ਜ਼ਿੰਦਗੀ ਔਖੀ ਹੋ ਰਹੀ ਹੈ, ਜਦੋਂ ਕਿ ਲੇਬਰ ਅਤੇ ਐਲਐਨਪੀ ਕਾਰਪੋਰੇਟ ਮੁਨਾਫ਼ਿਆਂ ਨੂੰ ਆਮ ਲੋਕਾਂ ਨਾਲੋਂ ਅੱਗੇ ਰੱਖਦੇ ਹਨ।

ਇਸ ਵਾਰ ਗ੍ਰੀਨ ਪਾਰਟੀ **10** ਸੀਟਾਂ ਤੱਕ ਜਿੱਤਣ ਅਤੇ ਦੋ-ਪਾਰਟੀ ਢਾਂਚੇ ਨੂੰ ਹਮੇਸ਼ਾ ਲਈ ਤੋੜਨ ਲਈ ਯਤਨਸ਼ੀਲ ਹੈ।

ਅਸਲ ਤਬਦੀਲੀ ਕਿਸੇ ਅਜਿਹੇ ਵਿਅਕਤੀ ਨੂੰ ਚੁਣਨ ਨਾਲ ਸ਼ੁਰੂ ਹੁੰਦੀ ਹੈ ਜੋ ਤੁਹਾਡੇ ਲਈ ਲੜੇਗਾ ਅਤੇ ਜਿਸ ਵਿੱਚ ਤੁਸੀਂ ਵਿਸ਼ਵਾਸ ਕਰਦੇ ਹੋ।

## 1. ਘਰਾਂ ਦੀ ਕਿੱਲਤ ਨੂੰ ਠੀਕ ਕਰਨੀ, ਘਰਾਂ ਦੇ

ਕਿਰਾਏ ਦਾ ਵਾਧਾ 2 ਸਾਲਾਂ ਲਈ ਬੰਦ ਕਰਨਾ,

ਵੱਧ ਕਿਰਾਏ ਦੀਆਂ ਦਰਾਂ ਨਿਰਧਾਰਿਤ ਕਰਨੀਆਂ, ਅਤੇ ਕਿਰਾਏਦਾਰਾਂ ਨੂੰ ਲੀਜ਼ ਨਵਿਆਉਣ ਦਾ ਪੱਕਾ ਹੱਕ ਦੇਣਾ। ਕਿਰਾਏਦਾਰਾਂ ਅਤੇ ਪਹਿਲੇ ਘਰ ਖਰੀਦਦਾਰਾਂ ਲਈ 100,000 ਵਧੀਆ ਡਿਜ਼ਾਈਨ ਕੀਤੇ ਸਰਕਾਰੀ ਬਣਾਉਣੇ, ਇਹ ਸਸਤੇ ਭਾਅ ਉਪਲਬਧ ਹੋਣਗੇ।

## 2. ਜਲਵਾਯੂ ਤਬਦੀਲੀ ਨਾਲ ਨਜਿੱਠਣਾ

ਸੱਤਾ ਵਿੱਚ ਆਉਣ ਤੋਂ ਬਾਅਦ, ਕੁਈਨਜ਼ਲੈਂਡ ਲੇਬਰ ਨੇ 38 ਨਵੀਆਂ ਕੋਲਾ ਖਾਣਾਂ ਨੂੰ ਮਨਜ਼ੂਰੀ ਦਿੱਤੀ ਹੈ, ਅਤੇ ਲੇਬਰ ਅਤੇ ਐਲਐਨਪੀ ਦੋਵੇਂ 37 ਹੋਰ ਖੋਲ੍ਹਣਾ ਚਾਹੁੰਦੇ ਹਨ। ਅਸੀਂ ਨਵੀਆਂ ਕੋਲੇ ਅਤੇ ਗੈਸ ਖਾਣਾਂ ਨੂੰ ਰੋਕਾਂਗੇ, 2030 ਤੱਕ 100% ਜਨਤਕ ਨਵਿਆਉਣ ਯੋਗਾਂ ਊਰਜਾ ਸਰੋਤਾਂ ਵਿੱਚ ਨਿਵੇਸ਼ ਕਰਾਂਗੇ ਅਤੇ ਹਰਿਆਲੀ, ਨਿਰਮਾਣ ਵਿੱਚ ਨਵੇਂ ਉਦਯੋਗ ਸਥਾਪਿਤ ਕਰਾਂਗੇ।

## 3. ਸਭ ਲਈ ਮੁਫ਼ਤ ਸਿਹਤ ਸੰਭਾਲ

200 ਮੁਫ਼ਤ GP ਕਲੀਨਿਕ ਬਣਾਉਣੇ ਤਾਂ ਜੋ ਹਰ ਕੋਈ ਡਾਕਟਰੀ ਸਲਾਹ ਮੁਫ਼ਤ ਲੈ ਸਕੇ। ਚੋਣਵੇਂ ਸਰਜਰੀ ਦੀ ਉਡੀਕ ਸੂਚੀ ਨੂੰ ਸਾਫ਼ ਕਰਨਾ ਅਤੇ ਜਨਤਕ ਹਸਪਤਾਲਾਂ ਵਿੱਚ ਸਹੀ ਢੰਗ ਨਾਲ ਨਿਵੇਸ਼ ਕਰਕੇ ਐਮਰਜੈਂਸੀ ਵਿਭਾਗਾਂ ਨੂੰ ਠੀਕ ਕਰਨਾ।

## 4. ਸਸਤਾ ਕਰਿਆਨਾ

30 ਬੁਨਿਆਦੀ ਜ਼ਰੂਰੀ ਚੀਜ਼ਾਂ ਦੀ ਕੀਮਤ ਨਿਰਧਾਰਤ ਕਰਨੀ। ਕੋਲਸ ਅਤੇ ਵੂਲਵਰਥ ਦੀ ਜੋੜੀ ਨੂੰ ਤੋੜ ਕੇ ਕਾਰਪੋਰੇਟ ਕੀਮਤਾਂ ਦਾ ਵਾਧਾ ਰੋਕਣਾ।

## 5. ਪੂਰੀ ਤਰ੍ਹਾਂ ਫੰਡਿਡ ਅਤੇ ਮੁਫਤ ਸਿੱਖਿਆ

ਚਾਈਲਡ ਕੇਅਰ, ਕਿੰਡਰ ਗਾਰਡਨ, ਪਬਲਿਕ ਸਕੂਲਾਂ ਅਤੇ TAFE ਨੂੰ ਸੱਚਮੁੱਚ ਮੁਫਤ ਬਨਾਉਣਾ ਅਤੇ ਚੰਗੀ ਤਰ੍ਹਾਂ ਫੰਡ ਦੇਣੇ, ਪਬਲਿਕ ਸਕੂਲ ਦੀ ਸੈਰ ਅਤੇ ਲੈਪਟਾਪ ਦੇ ਖਰਚਿਆਂ ਸਮੇਤ ਪਰਿਵਾਰਾਂ ਲਈ ਰਹਿਣ-ਸਹਿਣ ਦੀ ਲਾਗਤ ਨਾਲ ਸਰਕਾਰ ਵੱਲੋਂ ਕਰਨੀ।

## 6. ਜਨਤਕ ਮਲਕੀਅਤ ਨਾਲ ਕੰਟਰੋਲ ਵਾਪਸ ਲਓ

ਲੇਬਰ ਅਤੇ ਐਲਐਨਪੀ ਨੇ ਜ਼ਰੂਰੀ ਸੇਵਾਵਾਂ ਅਤੇ ਬੰਦਰਗਾਹਾਂ, ਹਵਾਈ ਅੱਡਿਆਂ, ਰੇਲਵੇ ਅਤੇ ਊਰਜਾ ਵਰਗੇ ਮੁੱਖ ਬੁਨਿਆਦੀ ਢਾਂਚੇ ਦਾ ਨਿੱਜੀਕਰਨ ਕੀਤਾ ਹੈ। ਇਹ ਜ਼ਰੂਰੀ ਸੇਵਾਵਾਂ ਦੀ ਜਨਤਕ ਮਾਲਕੀ ਨਾਲ ਸਾਡੀ ਆਰਥਿਕਤਾ ਨੂੰ ਵਾਪਸ ਲੈਣ ਦਾ ਸਮਾਂ ਹੈ।

## 7. ਵੱਡੀਆਂ ਕਾਰਪੋਰੇਸ਼ਨਾਂ ਨੂੰ ਉਨ੍ਹਾਂ ਦਾ ਉਚਿਤ ਹਿੱਸਾ ਟੈਕਸਾਂ ਅਤੇ ਰਾਇਲਟੀ ਦੇ ਰੂਪ ਵਿੱਚ ਲੈਣਾ।

ਕੋਲੇ ਅਤੇ ਗੈਸ, ਵੱਡੇ ਡਿਵੈਲਪਰਾਂ ਅਤੇ ਵੱਡੇ ਬੈਂਕਾਂ 'ਤੇ  ਟੈਕਸ ਲਗਾ ਕੇ ਸਾਰੇ ਕਵੀਂਸਲੈਂਡਰਾਂ ਲਈ ਇੱਕ ਬਿਹਤਰ ਜੀਵਨ ਲਈ ਪੈਸੇ ਦਾ ਇੰਤਜ਼ਾਮ ਕਰਨਾ।

---




This material has been generously translated from our website content by supporters and volunteers and while every effort has been made to stay true to the intent of the messaging there may be room for improvement. If you wish to give feedback regarding the content please email us at translations@qld.greens.org.au

---

Authorised by K Carra for The Greens, 47 Park Road, Milton, 4064 - AN 2024/0797